Punjabi | ਪੰਜਾਬੀ

## ਅਗਲੇ ਕਦਮ

ਕੋਈ ਪੁੱਛਗਿੱਛ ਕਰਨ ਲਈ ਜਾਂ ਇਹ ਦੇਖਣ ਲਈ ਕਿ ਕੀ ਤੁਹਾਡਾ ਬੱਚਾ ਇੰਕਲਿੰਗਜ਼ (Inklings) ਲਈ ਯੋਗ ਹੈ, ਬਸ ਇਸ QR ਕੋਡ ਨੂੰ ਸਕੈਨ ਕਰੋ।


1300 030 655

inklings@thekids.org.au

inklings.org.au/wa






The KIDS Research Institute Australia | Inklings

# ਇੰਕਲਿੰਗਜ਼ (Inklings)



## ਵੈਸਟਰਨ ਆਸਟ੍ਰੇਲੀਆ ਵਿੱਚ ਸ਼ੁਰੂਆਤੀ ਸਮਾਜਿਕ ਅਤੇ ਸੰਚਾਰ ਅੰਤਰਾਂ ਨੂੰ ਦਿਖਾਉਣ ਵਾਲੇ ਬੱਚਿਆਂ ਦੀ ਸਹਾਇਤਾ ਕਰਨ ਲਈ ਇੱਕ ਪ੍ਰੋਗਰਾਮ


Government of Western Australia
Child and Adolescent Health Service

Government of Western Australia
WA Country Health Service



## ਇੰਕਲਿੰਗਜ਼ ਪ੍ਰੋਗਰਾਮ ਬਾਰੇ

**ਟੈਲੀਥੋਂਨ ਕਿਡਜ਼ ਇੰਸਟੀਚਿਊਟ ਦਾ ਇੰਕਲਿੰਗਜ਼ 6-18 ਮਹੀਨਿਆਂ ਦੀ ਉਮਰ ਦੇ ਬੱਚਿਆਂ ਦੀ ਸਹਾਇਤਾ ਕਰਨ ਵਾਲਾ ਇੱਕ ਪ੍ਰੋਗਰਾਮ ਹੈ ਜੋ ਆਪਣੇ ਸਮਾਜਿਕ ਤੌਰ 'ਤੇ ਵਿਚਰਨ ਅਤੇ ਸੰਚਾਰ ਵਿਕਾਸ ਸੰਬੰਧੀ ਸ਼ੁਰੂਆਤੀ ਪਾੜਾ ਦਿਖਾ ਰਹੇ ਹੁੰਦੇ ਹਨ।**

**ਦਹਾਕਿਆਂ ਦੀ ਦ੍ਰਿੜ੍ਹਤਾ ਭਰੀ ਵਿਗਿਆਨਕ ਖੋਜ ਦੇ ਸਮਰਥਨ ਰਾਹੀਂ, ਇੰਕਲਿੰਗਜ਼ ਇੱਕ ਦੇਖਭਾਲਕਰਤਾ ਦੇ ਆਪਣੇ ਬੱਚੇ ਨਾਲ ਗੱਲਬਾਤ ਕਰਨ ਵਾਲੇ ਛੋਟੇ ਵੀਡੀਓਜ਼ ਦੀ ਵਰਤੋਂ ਕਰਦੀ ਹੈ ਤਾਂ ਜੋ ਉਹਨਾਂ ਦੇ ਬੱਚੇ ਦੁਆਰਾ ਸੰਚਾਰ ਕਰਨ ਦੇ ਵੱਖ-ਵੱਖ ਤਰੀਕਿਆਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਉਹਨਾਂ ਦੀ ਮੱਦਦ ਕੀਤੀ ਜਾ ਸਕੇ।**

**ਇੱਕ ਸਿਖਲਾਈ ਪ੍ਰਾਪਤ ਪ੍ਰੈਕਟੀਸ਼ਨਰ ਦੇ ਮਾਰਗਦਰਸ਼ਨ ਨਾਲ, ਦੇਖਭਾਲਕਰਤਾ ਆਪਣੇ ਬੱਚੇ ਲਈ ਇੱਕ ਜਵਾਬਦੇਹ ਸੰਚਾਰ ਸਾਥੀ ਵਜੋਂ ਆਪਣੀਆਂ ਸ਼ਕਤੀਆਂ ਨੂੰ ਆਪਣੇ ਆਪ ਬਣਾਉਣ ਲਈ ਰਣਨੀਤੀਆਂ ਸਿੱਖਣਗੇ।**

## WA ਵਿੱਚ ਇੰਕਲਿੰਗਜ਼ ਪ੍ਰੋਗਰਾਮ

ਇੰਕਲਿੰਗਜ਼ ਪ੍ਰੋਗਰਾਮ ਨੂੰ ਵੈਸਟਰਨ ਆਸਟ੍ਰੇਲੀਆ ਵਿੱਚ ਰਾਸ਼ਟਰੀ ਅਪਾਹਜਤਾ ਬੀਮਾ ਯੋਜਨਾ (NDIS) ਦੁਆਰਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ, ਜੋ ਕਿ ਸ਼ੁਰੂਆਤੀ ਸਮਾਜਿਕ ਅਤੇ ਸੰਚਾਰ ਅੰਤਰ ਦਿਖਾਉਣ ਵਾਲੇ ਬੱਚਿਆਂ ਦੀ ਸਹਾਇਤਾ ਲਈ NDIS, ਟੈਲੀਥੋਂਨ ਕਿਡਜ਼ ਇੰਸਟੀਚਿਊਟ, ਚਾਈਲਡ ਐਂਡ ਅਡੋਲੈਸੈਂਟ ਹੈਲਥ ਸਰਵਿਸ ਅਤੇ WA ਕੰਟਰੀ ਹੈਲਥ ਸਰਵਿਸ ਦੇ ਵਿਚਕਾਰ ਇੱਕ ਨਵੀਂ ਸਾਂਝੇਦਾਰੀ ਦੇ ਹਿੱਸੇ ਵਜੋਂ ਹੈ।

10-ਸੈਸ਼ਨ ਦਾ ਇਹ ਇੰਕਲਿੰਗਜ਼ ਪ੍ਰੋਗਰਾਮ ਛੇ ਮਹੀਨਿਆਂ ਵਿੱਚ ਪੰਦਰਵਾੜੇ ਰਾਹੀਂ ਦਿੱਤਾ ਜਾਂਦਾ ਹੈ।

ਇੰਕਲਿੰਗਜ਼ ਨੂੰ WA ਵਿੱਚ ਰਹਿੰਦੇ ਯੋਗ ਪਰਿਵਾਰਾਂ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

## ਇੰਕਲਿੰਗਜ਼ ਕਿਸ ਲਈ ਹੈ?

**ਤੁਹਾਡੇ ਬੱਚੇ ਨੂੰ ਇੰਕਲਿੰਗਜ਼ ਤੋਂ ਲਾਭ ਹੋ ਸਕਦਾ ਹੈ ਜੇਕਰ :**

- ਉਹ ਆਪਣੇ ਸ਼ੁਰੂਆਤੀ ਸਮਾਜਿਕ ਅਤੇ ਸੰਚਾਰ ਵਿਕਾਸ ਵਿੱਚ ਦੇਰੀ ਜਾਂ ਪਾੜ੍ਹਾ ਦਿਖਾ ਰਹੇ ਹਨ (ਜਿਵੇਂ ਕਿ ਤੁਹਾਡੇ ਮੁਸਕਰਾਉਣ 'ਤੇ ਜਵਾਬ ਵਿੱਚ ਨਾ ਮੁਸਕਰਾਉਣਾ ਜਾਂ ਤੁਹਾਡਾ ਧਿਆਨ ਖਿੱਚਣ ਲਈ ਅੱਖਾਂ ਰਾਹੀਂ ਸੰਪਰਕ ਕਰਨ ਦੀ ਵਰਤੋਂ ਨਾ ਕਰਨਾ)।
- ਉਹ ਅਜੇ ਤੱਕ ਆਪਣੀ ਉਮਰ ਮੁਤਾਬਕ ਉਮੀਦ ਕੀਤੇ ਜਾਂਦੇ ਕਈ ਸਮਾਜਿਕ ਅਤੇ ਸੰਚਾਰ ਵਿਵਹਾਰਾਂ ਦਾ ਪ੍ਰਦਰਸ਼ਨ ਨਹੀਂ ਕਰ ਰਹੇ ਹਨ (ਜਿਵੇਂ ਕਿ ਉਹਨਾਂ ਦਾ ਨਾਮ ਲੈਣ 'ਤੇ ਕੋਈ ਹੁੰਗਾਰਾ ਨਾ ਭਰਨਾ, ਤੁਹਾਡੀਆਂ ਕਾਰਵਾਈਆਂ ਦੀ ਨਕਲ ਨਾ ਕਰਨਾ, ਤੁਹਾਨੂੰ ਚੀਜ਼ਾਂ ਦਿਖਾਉਣ ਲਈ ਇਸ਼ਾਰਾ ਨਾ ਕਰਨਾ)।
- ਜਾਂ, ਤੁਸੀਂ ਆਪਣੇ ਬੱਚੇ ਦੇ ਸਮਾਜਿਕ ਤੌਰ 'ਤੇ ਵਿਚਰਨ ਅਤੇ ਸੰਚਾਰ ਵਿਕਾਸ ਬਾਰੇ ਚਿੰਤਤ ਹੋ।

## ਮੁੱਖ ਨੁਕਤੇ

- ਇੰਕਲਿੰਗਜ਼ ਸੈਸ਼ਨਾਂ ਵਿੱਚ ਤੁਹਾਡਾ ਅਤੇ ਤੁਹਾਡੇ ਬੱਚੇ ਦਾ ਇੱਕ ਛੋਟਾ 5-6 ਮਿੰਟ ਦਾ ਵੀਡੀਓ ਰਿਕਾਰਡ ਕਰਨਾ ਅਤੇ ਫਿਰ ਤੁਹਾਡੇ ਪ੍ਰੈਕਟੀਸ਼ਨਰ ਨਾਲ ਮਿਲ ਕੇ ਇਸ ਵੀਡੀਓ ਦੀ ਸਮੀਖਿਆ ਕਰਨਾ ਸ਼ਾਮਲ ਹੈ।
- ਇਹਨਾਂ ਵੀਡੀਓ ਫੀਡਬੈਕ ਦੀ ਵਰਤੋਂ ਕਰਦੇ ਹੋਏ, ਉਹ ਪ੍ਰੈਕਟੀਸ਼ਨਰ ਕਈ ਤਰ੍ਹਾਂ ਦੀਆਂ ਰਣਨੀਤੀਆਂ ਵਿਕਸਿਤ ਕਰਨ ਲਈ ਤੁਹਾਡੇ ਨਾਲ ਕੰਮ ਕਰਦਾ ਹੈ ਜੋ ਤੁਸੀਂ ਰੋਜ਼ਾਨਾ ਗੱਲਬਾਤ ਵਿੱਚ ਵਰਤ ਸਕਦੇ ਹੋ।
- ਇੰਕਲਿੰਗਜ਼ ਸੈਸ਼ਨਾਂ ਨੂੰ ਕਲੀਨਿਕ ਵਿੱਚ ਨਿੱਜੀ ਤੌਰ 'ਤੇ, ਜਾਂ ਟੈਲੀਹੈਲਥ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।

i

***WA ਵਿੱਚ ਇੰਕਲਿੰਗਜ਼ ਵਿੱਚ ਭਾਗ ਲੈਣ ਵਾਲੇ ਯੋਗ ਪਰਿਵਾਰਾਂ ਲਈ ਆਪਣੀ ਜੇਬ ਵਿੱਚੋਂ ਕੋਈ ਖ਼ਰਚਾ ਨਹੀਂ ਹੈ।***

